ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-4 ਸ਼ਾਖਾ)

## ਹੁਕਮ

ਪੰਜਾਬ ਰਾਜ ਵਿਚ ਕੰਮ ਕਰ ਰਹੇ ਲੈਕਚਰਾਰਾਂ ਵਿਚੋਂ ਅੰਪਗ ਵਿਅਕਤੀਆਂ ਦੇ 3% ਕੋਟੇ ਦੀਆਂ ਬਤੌਰ ਪੀ.ਈ.ਐਸ. (ਸਕੂਲ ਤੇ ਇੰਸਪੈਕਸਨ) ਗਰੁੱਪ-ਏ ਦੀਆਂ ਤਰੱਕੀਆਂ ਵਿੱਚ ਉਨ੍ਹਾਂ ਦਾ ਬੈਕਲਾਗ ਪੂਰਾ ਕਰਨ ਲਈ ਪਾਤਰਤਾ ਨਿਰਧਾਰਿਤ ਕਰਨ ਲਈ ਵਿਭਾਗ ਵਲੋਂ ਮਿਤੀ 30-10-2014 ਨੂੰ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਰੱਖੀ ਗਈ ਸੀ। ਜਿਸ ਵਿੱਚ ਲੈਫਟ ਆਊਟ ਰਹਿ ਗਏ ਹੈਂਡੀਕੈਪਡ ਕਰਮਚਾਰੀਆਂ ਦੀ ਡੀ ਪੀ ਸੀ ਮਿਤੀ 24-3-2015 ਨੂੰ ਰੱਖੀ ਗਈ ਸੀ। ਜਿਸ ਵਿਚ ਕਮੇਟੀ ਵੱਲੋਂ ਪ੍ਰਵਾਨ ਕੀਤੇ/ਲਏ ਗਏ ਫੈਸਲੇ ਅਨੁਸਾਰ ਸ੍ਰੀਮਤੀ ਸਤਿੰਦਰਦੀਪ ਕੌਰ, ਲੈਕਚਰਾਰ ਜੋਗਰਫ਼ੀ, ਜਿਲ੍ਹਾ ਹੁਸਿਆਰਪੁਰ ਅਤੇ ਸ੍ਰੀਮਤੀ ਆਦਰਸ਼ ਭੱਲਾ, ਲੈਕਚਰਾਰ ਬਾਇਓਲੋਜ, ਸਸਸਸ ਭਵਾਨੀਗੜ੍ਹ ਜ਼ਿਲ੍ਹਾ ਸੰਗਰੂਰ ਨੂੰ ਪੰਜਾਬ ਐਜੂਕੇਸ਼ਨਲ ਸਰਵਿਸ (ਸਕੂਲ ਤੇ ਇੰਸਪੈਕਸ਼ਨ) ਰੂਲਜ, 2004 ਅਨੁਸਾਰ ਪੇਅ ਸਕੇਲ 15600-39100 + 6600 ਗ੍ਰੇਡ ਪੇਅ ਵਿਚ ਪ੍ਰੋਵੀਜਨਲ ਤੌਰ ਤੇ ਬਤੌਰ ਪੀ.ਈ.ਐਸ. (ਸਕੂਲ ਤੇ ਇੰਸਪੈਕਸਨ) ਗਰੁੱਪ-ਏ ਵਿਚ ਪਦਉਨਤ ਕਰ ਦਿੱਤਾ ਗਿਆ ਸੀ।

2. ਇਸ ਡੀ.ਪੀ. ਸੀ. ਵਿਚ ਸ੍ਰੀ ਅਜੈਬ ਸਿੰਘ, ਲੈਕਚਰਾਰ ਮੈਥ, ਸੀਨੀਆਰਤਾ ਨੰਬਰ 2328-ਏ, ਸਸਸਸ ਸੰਧੂ ਪੱਤੀ, ਬਰਨਾਲਾ ਦਾ ਕੇਸ ਵੀ ਵਿਚਾਰਿਆ ਗਿਆ ਸੀ। ਇਸ ਕਰਮਚਾਰੀ ਦਾ ਕੇਸ ਮਿਤੀ 16-1-2013 ਨੂੰ ਹੋਈ ਡੀ ਪੀ ਸੀ ਵਿਚ ਵੀ ਵਿਚਾਰਿਆ ਗਿਆ ਸੀ, ਪਰੰਤੂ ਉਸਦੀ ਇੱਕ ਅੱਖ ਖਰਾਬ ਹੋਣ ਕਾਰਨ ਉਸਦੀ ਅੰਪਗਤਾ ਨੂੰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੀਆਂ ਹਦਾਇਤਾਂ ਅਨੁਸਾਰ 25% ਹੀ ਮੰਨਿਆ ਸੀ ਅਤੇ ਉਸਦੀ ਅੰਪਗਤਾ 40% ਤੋਂ ਘੱਟ ਹੋਣ ਕਾਰਨ ਉਸਦਾ ਕੇਸ ਕਮੇਟੀ ਵਲੋਂ ਪ੍ਰਵਾਨ ਨਹੀਂ ਕੀਤਾ ਗਿਆ ਸੀ। ਸ੍ਰੀ ਅਜੈਬ ਸਿੰਘ, ਲੈਕਚਰਾਰ ਵਲੋਂ ਸਿਵਲ ਸਰਜਨ, ਸੰਗਰੂਰ ਦੇ ਪੱਤਰ ਨੰਬਰ ਹੈਂਡੀਕੈਪਡ 13/872 ਮਿਤੀ 8-10-2013 ਰਾਂਹੀ ਜਾਰੀ ਕੀਤਾ ਗਿਆ ਸਰਟੀਫਿਕੇਟ ਪੇਸ਼ ਕੀਤਾ ਸੀ, ਜਿਸ ਵਿਚ ਉਸਦੀ ਅੰਪਗਤਾ 50% ਦਰਸਾਈ ਗਈ ਸੀ। ਇਸ ਲਈ ਉਸਦਾ ਕੇਸ ਮਿਤੀ 24-3-2015 ਨੂੰ ਹੋਈ ਡੀ.ਪੀ.ਸੀ. ਵਿਚ ਵਿਚਾਰਿਆ ਗਿਆ ਸੀ ਅਤੇ ਸਰਵਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਕਰਮਚਾਰੀ ਦਾ ਸਰਵਿਸ ਰਿਕਾਰਡ ਚੈਕ ਕਰ ਲਿਆ ਜਾਵੇ ਅਤੇ ਉਸਦੇ ਦੋਵੇਂ ਸਰਟੀਫਿਕੇਟ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਨੂੰ ਭੇਜ ਕੇ ਉਸਦੀ ਅੰਪਗਤਾ ਦੀ ਪ੍ਰਤੀਸਤਾ ਸਬੰਧੀ ਰਿਪੋਰਟ ਪ੍ਰਾਪਤ ਕੀਤੀ ਜਾਵੇ। ਉਸ ਉਪਰੰਤ ਹੀ ਕਰਮਚਾਰੀ ਦੀ ਪਦਉਨਤੀ ਸਬੰਧੀ ਹੁਕਮ ਜਾਰੀ ਕੀਤੇ ਜਾਣ।

3. ਸ੍ਰੀ ਅਜੈਬ ਸਿੰਘ, ਲੈਕਚਰਾਰ ਦੇ ਅੰਪਗਤਾ ਦੇ ਸਰਟੀਫਿਕੇਟ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਨੂੰ ਭੇਜ ਕੇ ਰਿਪੋਰਟ ਮੰਗੀ ਗਈ ਸੀ। ਉਨ੍ਹਾਂ ਨੇ ਸਿਵਲ ਸਰਜਨ,

O/o DGSE Cum SPD Sarva Shiksha Abhiyan Authority Punjab
Central Dairy
No. 4261 ... 17/11/15

ਸੰਗਰੂਰ ਨੂੰ ਕਰਮਚਾਰੀ ਦਾ ਮੈਡੀਕਲ ਮੁਆਇਨਾ ਕਰਨ ਲਈ ਲਿਖਿਆ ਸੀ। ਹੁਣ ਸਿਵਲ ਸਰਜਨ, ਸੰਗਰੂਰ ਵਲੋਂ ਪੱਤਰ ਨੰਬਰ ਹੈਂਡੀ/15/942 ਮਿਤੀ 9-10-2015 ਰਾਂਹੀ ਕਮਰਚਾਰੀ ਦੀ ਮੈਡੀਕਲ ਰਿਪੋਰਟ ਪ੍ਰਾਪਤ ਹੋ ਗਈ ਹੈ, ਜਿਸ ਰਾਂਹੀ ਉਨ੍ਹਾਂ ਨੇ ਸਿਵਲ ਸਰਜਨ, ਸੰਗਰੂਰ ਦੇ ਪੱਤਰ ਨੰਬਰ ਹੈਂਡੀਕੈਪਡ 13/872 ਮਿਤੀ 8-10-2013 ਨੂੰ ਸਹੀ ਦੱਸਿਆ ਅਤੇ ਉਸਦੀ ਅਪੰਗਤਾ 50% ਦੱਸੀ ਹੈ।

4. ਸ੍ਰੀ ਅਜੈਬ ਸਿੰਘ, ਲੈਕਚਰਾਰ ਮੈਥ ਵਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕਰਟ ਵਿਖੇ ਸਿਵਲ ਰਿੱਟ ਪਟੀਸ਼ਨ ਨੰਬਰ 10719 ਆਫ 2015 ਵੀ ਦਾਇਰ ਕੀਤੀ ਗਈ ਸੀ, ਜਿਸ ਵਿਚ ਮਿਤੀ 26-5-2015 ਨੂੰ ਜਾਰੀ ਕੀਤੇ ਹੁਕਮਾਂ ਰਾਂਹੀ ਮਾਨਯੋਗ ਕੋਰਟ ਨੇ ਉਸਦੀਆਂ ਪ੍ਰਤੀਬੇਨਤੀਆਂ ਤੇ ਫੈਸਲਾ ਕਰਨ ਦੇ ਆਦੇਸ ਦਿੱਤੇ ਸਨ। ਜਿਸ ਨੂੰ ਵਿਚਾਰਨ ਉਪਰੰਤ ਸਮਰੱਥ ਅਧਿਕਾਰੀ ਦੇ ਹੁਕਮਾਂ ਨਾਲ ਮੂੰਹ ਬੋਲਦੇ ਹੁਕਮ ਜਾਰੀ ਕਰ ਦਿੱਤੇ ਗਏ ਸਨ ਕਿ ਸਿਵਲ ਸਰਜਨ, ਸੰਗਰੂਰ ਦੀ ਰਿਪੋਰਟ ਪ੍ਰਾਪਤ ਹੋਣ ਉਪਰੰਤ, ਜੇਕਰ ਰਿਪੋਰਟ ਠੀਕ ਪਾਈ ਗਈ ਤਾਂ ਸ੍ਰੀ ਅਜੈਬ ਸਿੰਘ, ਲੈਕਚਰਾਰ ਦੀ ਤਰੱਕੀ ਵੀ ਮਿਤੀ 25-11-2014 ਤੋਂ ਕੀਤੀ ਜਾਵੇਗੀ, ਪਰੰਤੂ ਉਸਦੀ ਮਿਤੀ 25-11-2014 ਤੋਂ ਹੁਕਮ ਜਾਰੀ ਹੋਣ ਤੱਕ ਦੀ ਤਰੱਕੀ ਨੌਸਨਲ ਹੋਵੇਗੀ।

5. ਉਕਤ ਦਰਸਾਈ ਸਥਿਤੀ ਦੇ ਸਨਮੁੱਖ ਸ੍ਰੀ ਅਜੈਬ ਸਿੰਘ, ਲੈਕਚਰਾਰ ਮੈਥ, ਸਸਸਸ ਸੰਧੂ ਪੱਤੀ, ਜ਼ਿਲ੍ਹਾ ਬਰਨਾਲਾ ਨੂੰ ਪੰਜਾਬ ਐਜੂਕੇਸ਼ਨਲ ਸਰਵਿਸ (ਸਕੂਲ ਤੇ ਇੰਸਪੈਕਸ਼ਨ) ਰੂਲਜ, 2004 ਅਨੁਸਾਰ ਪੇਅ ਸਕੇਲ 15600-39100 + 6600 ਗ੍ਰੇਡ ਪੇਅ ਵਿਚ ਪ੍ਰੋਵੀਜਨਲ ਤੌਰ ਤੇ ਬਤੌਰ ਪੀ.ਈ.ਐਸ. (ਸਕੂਲ ਤੇ ਇੰਸਪੈਕਸਨ) ਗਰੁੱਪ-ਏ ਵਿਚ ਪਦਉਨਤ ਕੀਤਾ ਜਾਂਦਾ ਹੈ। ਪਰੰਤੂ ਉਸਦੀ ਮਿਤੀ 25-11-2014 ਤੋਂ ਹੁਣ ਤੱਕ ਦੀ ਤਰੱਕੀ ਨੌਸ਼ਨਲ ਹੋਵੇਗੀ। ਤਰੱਕੀ ਉਪਰੰਤ ਸ੍ਰੀ ਅਜੈਬ ਸਿੰਘ ਨੂੰ ਬਤੌਰ ਪ੍ਰਿੰਸੀਪਲ, ਸਸਸਸ(ਲੜਕੇ) ਬਰਨਾਲਾ ਵਿਖੇ ਤੈਨਾਤ ਕੀਤਾ ਜਾਂਦਾ ਹੈ।

6. ਇਹ ਹੁਕਮ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਸਿਵਲ ਰਿੱਟ ਪਟੀਸ਼ਨ ਨੰਬਰ 22813/2013-ਰਿਡ ਵਿਦ ਸੁਪਰੀਮ ਕੋਰਟ ਦੇ ਸਿਵਲ ਅਪੀਲ ਨੰਬਰ 9096 ਆਫ 2013, ਯੂਨੀਅਨ ਆਫ ਇੰਡੀਆ ਅਤੇ ਹੋਰ ਬਨਾਮ ਨੈਸ਼ਨਲ ਫੈਡਰੇਸ਼ਨ ਆਫ ਬਲਾਇੰਡ ਚਾਈਲਡ ਅਤੇ ਹੋਰ ਵਿਚ ਮਿਤੀ 8-10-2013 ਅਤੇ ਸਿਵਲ ਰਿੱਟ ਪਟੀਸ਼ਨ ਨੰਬਰ 10719 ਆਫ 2015 ਦੀ ਪਾਲਣਾ ਵਿਚ ਅਤੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਲੰਬਿਤ ਸੀ ਓ ਸੀ ਪੀ ਨੰਬਰ 1310 ਆਫ 2014 ਮਨਜੀਤ ਸਿੰਘ ਬਨਾਮ ਅੰਜਲੀ ਭਾਵੜਾ, ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਵਿਭਾਗ ਅਤੇ ਸੀ ਓ ਸੀ ਪੀ ਨੰਬਰ 2158 ਆਫ 2014 ਆਧਾਰ ਤੇ ਕੀਤੇ ਜਾ ਰਹੇ ਹਨ।

7. ਇਹ ਤਰੱਕੀ ਬਿੱਲਕੁਲ ਆਰਜ਼ੀ ਹੋਵੇਗੀ। ਪੀ.ਈ.ਐਸ. ਗਰੁੱਪ ਏ ਵਿਚ ਸੀਨੀਆਰਤਾ ਬਾਅਦ ਵਿਚ ਨਿਰਧਾਰਿਤ ਕੀਤੀ ਜਾਵੇਗੀ।

8. ਇਸ ਅਧਿਕਾਰੀ ਦਾ ਪਰਖਕਾਲ ਇੱਕ ਸਾਲ ਜਾਂ ਪੰਜਾਬ ਲੋਕ ਸੇਵਾ ਕਮਿਸਨ ਤੋਂ ਪ੍ਰਵਾਨਗੀ ਪ੍ਰਾਪਤ ਹੋਣ ਤੱਕ ਜਿਹੜੀ ਵੀ ਸਥਿਤੀ ਬਾਅਦ ਵਿਚ ਵਾਪਰੇ ਤੱਕ ਹੋਵੇਗਾ।

9. ਸਰਕਾਰ ਵਲੋਂ ਪਦਉਨਤੀਆਂ ਦੇ ਕੇਸਾਂ ਅਤੇ ਸੀਨੀਆਰਤਾ ਨਿਸ਼ਚਿਤ ਕਰਨ ਲਈ ਲਏ ਗਏ ਫੈਸਲੇ ਸਬੰਧਤ ਪਦਉਨਤ ਅਧਿਕਾਰੀ ਲਈ ਮੰਨਣਯੋਗ ਹੋਣਗੇ। ਇਹ ਅਧਿਕਾਰੀ 07 ਦਿਨਾਂ ਦੇ ਅੰਦਰ ਅੰਦਰ ਆਪਣੀ ਹਾਜ਼ਰੀ ਰਿਪੋਰਟ ਪੇਸ਼ ਕਰੇਗਾ।

10. ਜੇਕਰ ਨਿਸ਼ਚਿਤ ਸਮੇਂ ਦੇ ਅੰਦਰ ਪਦਉਨਤ ਹੋਏ ਅਧਿਕਾਰੀ ਵਲੋਂ ਆਪਣੀ ਹਾਜਰੀ ਰਿਪੋਰਟ ਪੇਸ਼ ਨਾ ਕੀਤੀ ਗਈ ਤਾਂ ਉਸਨੂੰ ਨਿਯਮਾਂ ਅਨੁਸਾਰ 02 ਸਾਲ ਲਈ ਤਰੱਕੀ ਦੇ ਹੱਕ ਤੋਂ ਡੀਬਾਰ ਕਰ ਦਿੱਤਾ ਜਾਵੇਗਾ।

ਮਿਤੀ,ਚੰਡੀਗੜ੍ਹ:
23 ਅਕਤੂਬਰ, 2015

ਸੀ ਰਾਉਲ
ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ
ਸਿੱਖਿਆ ਵਿਭਾਗ (ਸਕੂਲਜ)

ਪਿੱਠ ਅੰਕਣ ਨੰ:1/176/2013-2ਸਿ4/ 620850/1-10 ਮਿਤੀ,ਚੰਡੀਗੜ੍ਹ: 3/11/15

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ, (ਏ.ਐਂਡ.ਈ) ਆਡਿਟ ਵਿੰਗ,ਪੰਜਾਬ,ਚੰਡੀਗੜ੍ਹ।
2. ਸਕੱਤਰ,ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ।
3. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ,ਫੇਜ 8, ਅਜੀਤਗੜ੍ਹ । ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹੁਕਮਾਂ ਦੀ ਕਾਪੀ ਐਸ.ਐਸ.ਏ. ਦੀ ਵੈਬਸਾਈਟ ਤੇ ਤੁਰੰਤ ਅੱਪਲੋਡ ਕਰਵਾਉਣ ਦੀ ਖੇਚਲ ਕੀਤੀ ਜਾਵੇ।
4. ਡਾਇਰੈਕਟਰ, ਸਿੱਖਿਆ ਵਿਭਾਗ (ਸੈਸਿ),ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ 8, ਅਜੀਤਗੜ੍ਹ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਪਦਉਨਤ ਹੋਏ ਅਧਿਕਾਰੀ ਦੀ ਪਦਉਨਤੀ ਨਿਯਮਿਤ ਕਰਵਾਉਣ ਲਈ ਰਿਕਾਰਡ ਸਿੱਧੇ ਹੀ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ ਅਤੇ ਸਰਕਾਰ ਨੂੰ ਵੀ ਸੂਚਿਤ ਕੀਤਾ ਜਾਵੇ।
5. ਮੰਡਲ ਸਿੱਖਿਆ ਅਫਸਰ, ਨਾਭਾ।
6. ਜ਼ਿਲ੍ਹਾ ਸਿੱਖਿਆ ਅਫਸਰ (ਸੈਸਿ),ਬਰਨਾਲਾ।
7. ਸਬੰਧਤ ਅਧਿਕਾਰੀ।

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ

ਅੰਦਰੂਨੀ ਵੰਡ

1. ਸਕੱਤਰ/ਮਾਨਯੋਗ ਸਿੱਖਿਆ ਮੰਤਰੀ,ਪੰਜਾਬ।
2. ਨਿੱਜੀ ਸਕੱਤਰ/ਪ੍ਰ.ਸ.ਸ.ਸਿ.
3. ਨਿੱਜੀ ਸਕੱਤਰ/ਵਿ.ਸ.ਸ.ਸਿ